# Prime Minister's meeting with the President of Guyana on the sidelines of 17th Pravasi Bhartiya Divas

January 09, 2023

# ਪ੍ਰਧਾਨ ਮੰਤਰੀ ਦੀ 17ਵੇਂ ਪ੍ਰਵਾਸੀ ਭਾਰਤੀਯ ਦਿਵਸ ਦੇ ਅਵਸਰ 'ਤੇ ਗੁਆਨਾ ਦੇ ਰਾਸ਼ਟਰਪਤੀ ਨਾਲ ਬੈਠਕ

ਜਨਵਰੀ 09, 2023

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਇੰਦੌਰ ਵਿੱਚ 17ਵੇਂ ਪ੍ਰਵਾਸੀ ਭਾਰਤੀਯ ਦਿਵਸ (ਪੀਬੀਡੀ) ਦੇ ਅਵਸਰ 'ਤੇ ਕੋਆਪਰੇਟਿਵ ਰਿਪਬਲਿਕ ਆਵ੍ ਗੁਆਨਾ ਦੇ ਰਾਸ਼ਟਰਪਤੀ ਮਹਾਮਹਿਮ ਡਾ. ਮੁਹੰਮਦ ਇਰਫਾਨ ਅਲੀ ਨਾਲ ਮੁਲਾਕਾਤ ਕੀਤੀ। ਰਾਸ਼ਟਰਪਤੀ ਇਰਫਾਨ ਅਲੀ 8-14 ਜਨਵਰੀ 2023 ਦੇ ਦੌਰਾਨ ਭਾਰਤ ਦੇ ਸਰਕਾਰੀ ਦੌਰੇ 'ਤੇ ਹਨ ਅਤੇ 17ਵੇਂ ਪ੍ਰਵਾਸੀ ਭਾਰਤੀਯ ਦਿਵਸ ਵਿੱਚ ਮੁੱਖ ਮਹਿਮਾਨ ਹਨ।

2.ਦੋਵੇਂ ਨੇਤਾਵਾਂ ਨੇ ਊਰਜਾ, ਬੁਨਿਆਦੀ ਢਾਂਚੇ ਦੇ ਵਿਕਾਸ, ਫਾਰਮਾਸਿਊਟੀਕਲਸ, ਸਿਹਤ ਸਬੰਧੀ ਦੇਖਭਾਲ, ਟੈਕਨੋਲੋਜੀ ਅਤੇ ਨਵੀਨਤਾ ਅਤੇ ਰੱਖਿਆ ਸਬੰਧਾਂ ਦੇ ਖੇਤਰ ਵਿੱਚ ਸਹਿਯੋਗ ਸਮੇਤ ਕਈ ਮੁੱਦਿਆਂ 'ਤੇ ਵਿਆਪਕ ਚਰਚਾ ਕੀਤੀ। ਦੋਵੇਂ ਨੇਤਾਵਾਂ ਨੇ ਭਾਰਤ ਅਤੇ ਗੁਆਨਾ ਦੇ ਲੋਕਾਂ ਵਿਚਕਾਰ ਮਿੱਤਰਤਾ ਦੇ 180 ਸਾਲ ਪੁਰਾਣੇ ਇਤਿਹਾਸਿਕ ਸਬੰਧਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਸਹਿਮਤੀ ਪ੍ਰਗਟ ਕੀਤੀ।

3.ਰਾਸ਼ਟਰਪਤੀ ਇਰਫਾਨ ਅਲੀ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਦੇ ਨਾਲ ਦੁਵੱਲੀ ਵਾਰਤਾ ਕਰਨਗੇ ਅਤੇ 10 ਜਨਵਰੀ 2023 ਨੂੰ ਪ੍ਰਵਾਸੀ ਭਾਰਤੀਯ ਦਿਵਸ ਦੇ ਸਮਾਪਨ ਸੈਸ਼ਨ ਅਤੇ ਪ੍ਰਵਾਸੀ ਭਾਰਤੀਯ ਸਨਮਾਨ ਪੁਰਸਕਾਰ ਸਮਾਰੋਹ ਵਿੱਚ ਹਿੱਸਾ ਲੈਣਗੇ। ਉਹ 11 ਜਨਵਰੀ ਨੂੰ ਇੰਦੌਰ ਵਿੱਚ ਗਲੋਬਲ ਇਨਵੈਸਟਰਸ ਸਮਿਟ 2023 ਵਿੱਚ ਵੀ ਹਿੱਸਾ ਲੈਣਗੇ।

4.ਇੰਦੌਰ ਦੇ ਇਲਾਵਾ ਰਾਸ਼ਟਰਪਤੀ ਅਲੀ ਦਿੱਲੀ, ਕਾਨਪੁਰ, ਬੰਗਲੁਰੂ ਅਤੇ ਮੁੰਬਈ ਵੀ ਜਾਣਗੇ।

**ਇੰਦੌਰ**

**ਜਨਵਰੀ 09, 2023**

DISCLAIMER: This is an approximate translation. The original is available in English on MEA's website and may be referred to as the official press release.